# 4th Foreign Office Consultations between India and Uruguay

November 30, 2021

---

## ਭਾਰਤ ਅਤੇ ਉਰੂਗਵੇ ਦੇ ਵਿਦੇਸ਼ ਦਫ਼ਤਰਾਂ ਵਿਚਕਾਰ 4ਥੇ ਸਲਾਹ ਮਸ਼ਵਰੇ

**30 ਨਵੰਬਰ, 2021**

1. ਭਾਰਤ ਅਤੇ ਉਰੂਗਵੇ ਦੇਵਿਦੇਸ਼ ਦਫ਼ਤਰਾਂ ਦਰਮਿਆਨ 29 ਨਵੰਬਰ, 2021 ਨੂੰ ਮੋਂਟੇਵੀਡੀਓ ਵਿਖੇ 4ਥੇ ਸਲਾਹ-ਮਸ਼ਵਰੇ ਹੋਏ। ਵਿਦਸ਼ ਮੰਤਰਾਲੇ ਦੇ ਸਕੱਤਰ (ਪੂਰਬ) ਸ਼੍ਰੀਮਤੀ ਰੀਵਾ ਗਾਂਗੁਲੀ ਦਾਸ ਨੇ ਭਾਰਤੀ ਵਫ਼ਦ ਦੀ ਅਗਵਾਈ ਕੀਤੀ ਜਦੋਂ ਕਿ ਉਰੂਗੁਏ ਪੱਖ ਦੀ ਅਗਵਾਈ ਉਰੂਗਵੇ ਸਰਕਾਰ ਦੀ ਉਪ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀਮਤੀ ਕੈਰੋਲੀਨਾ ਅਚੇ ਬੈਟਲੇ ਨੇ ਕੀਤੀ।

2. ਮੌਜੂਦਾ ਦੁਵੱਲੇ ਸਹਿਯੋਗ ਦੀ ਸਮੀਖਿਆ ਕਰਦੇ ਹੋਏ ਦੋਵਾਂ ਧਿਰਾਂ ਨੇ ਵਪਾਰ ਅਤੇ ਨਿਵੇਸ਼ ਨੂੰ ਮਜ਼ਬੂਤ ਕਰਨ ਅਤੇ ਹੋਰ ਹੁਲਾਰਾ ਦੇਣ, ਫਾਰਮਾਸਿਊਟੀਕਲ ਉਤਪਾਦਾਂ ਤੱਕ ਪਹੁੰਚ ਵਧਾਉਣ, ਸੂਚਨਾ ਤਕਨਾਲੋਜੀ ਖੇਤਰ ਵਿੱਚ ਸਹਿਯੋਗ ਅਤੇ ਲੋਕ ਪੱਧਰੀ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਉਪਾਵਾਂ ਦੀ ਸ਼ਿਨਾਖਤ ਕੀਤੀ।

3. ਕੋਵਿਡ ਮਹਾਮਾਰੀ ਦੇ ਪ੍ਰਤੀਕਰਮ ਅਤੇ ਟੀਕਿਆਂ ਅਤੇ ਦਵਾਈਆਂ ਤੱਕ ਪਹੁੰਚ ਅਤੇ ਕੋਵਿਡ ਸਰਟੀਫਿਕੇਟਾਂ ਦੀ ਆਪਸੀ ਮਾਨਤਾ ਬਾਰੇ ਵੀ ਚਰਚਾ ਕੀਤੀ ਗਈ।

4. ਦੋਹਾਂ ਪੱਖਾਂ ਨੇ ਵੱਖ-ਵੱਖ ਖੇਤਰੀ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ। ਉਨ੍ਹਾਂ ਨੇ ਬਹੁਪੱਖੀ ਅਤੇ ਖੇਤਰੀ ਮੰਚਾਂ 'ਤੇ ਤਾਲਮੇਲ ਨੂੰ ਮਜ਼ਬੂਤ ਬਣਾਉਣ ਦਾ ਆਪਣਾ ਸੰਕਲਪ ਦੁਹਰਾਇਆ।

5. ਇਹ ਸਲਾਹ-ਮਸ਼ਵਰੇ ਦੋਸਤਾਨਾ ਅਤੇ ਸਦਭਾਵਨਾ ਭਰੇ ਮਾਹੌਲ ਵਿੱਚ ਹੋਏ। ਦੋਵੇਂ ਧਿਰਾਂ ਨੇ ਅਗਲਾ ਸਲਾਹ-ਮਸ਼ਵਰਾ ਨਵੀਂ ਦਿੱਲੀ ਵਿਖੇ ਆਪਸੀ ਸਹੂਲਤ ਦੇ ਸਮੇਂ 'ਤੇ ਕਰਾਉਣ ਉੱਤੇ ਸਹਿਮਤੀ ਦਿੱਤੀ।

ਮੋਂਟੇਵੀਡੀਓ

29 ਨਵੰਬਰ, 2021

DISCLAIMER: This is an approximate translation. The original is available in English on MEA's website and may be referred to as the official press release.